# ਰਾਜ ਪੱਧਰ ਦੀ ਨੈਸ਼ਨਲ ਮੀਨਜ਼-ਕਮ-ਮੈਰਿਟ ਸਕਾਲਰਸ਼ਿਪ ਚੋਣ ਪ੍ਰੀਖਿਆ-2021

## (ਕੇਵਲ ਅੱਠਵੀਂ ਸ਼੍ਰੇਣੀ ਲਈ)

**ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ (SCERT), ਪੰਜਾਬ**

**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਛੇਵੀਂ ਮੰਜ਼ਿਲ, ਬਲਾਕ-ਈ ਫੇਜ਼-8, ਐਸ.ਏ.ਐਸ ਨਗਰ, ਪੰਜਾਬ, ਫੋਨ ਨੰ: 0172-2212221**

ਦਫ਼ਤਰ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ (SCERT), ਪੰਜਾਬ ਵੱਲੋਂ ਨੈਸ਼ਨਲ ਮੀਨਜ਼-ਕਮ-ਮੈਰਿਟ ਸਕਾਲਰਸ਼ਿਪ (NMMS) ਪ੍ਰੀਖਿਆ ਸਾਲ 2021-22 ਲਈ ਮਿਤੀ 16.01.2022 (ਐਤਵਾਰ) ਨੂੰ ਲਈ ਜਾਣੀ ਹੈ, ਜਿਸ ਵਿਚ ਅੱਠਵੀਂ ਕਲਾਸ ਵਿਚ ਪੜ੍ਹਦੇ 2210 ਵਿਦਿਆਰਥੀ (MOE, ਨਵੀਂ ਦਿੱਲੀ ਵੱਲੋਂ ਨਿਰਧਾਰਿਤ ਕੋਟਾ) ਦੀ ਚੋਣ ਕੀਤੀ ਜਾਣੀ ਹੈ। ਇਸ ਪ੍ਰੀਖਿਆ ਵਿਚ ਪੰਜਾਬ ਰਾਜ ਵਿਚ ਸਥਿਤ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਅਤੇ ਲੋਕਲ ਬਾਡੀਜ਼ ਸਕੂਲਾਂ ਦੇ 8ਵੀਂ ਸ਼੍ਰੇਣੀ ਵਿਚ ਪੜ੍ਹਦੇ ਉਹ ਵਿਦਿਆਰਥੀ ਇਸ ਪ੍ਰੀਖਿਆ ਵਿਚ ਬੈਠ ਸਕਦੇ ਹਨ, ਜਿਨ੍ਹਾਂ ਨੇ 7ਵੀਂ ਸ਼੍ਰੇਣੀ ਦੀ ਸਾਲਾਨਾ ਪ੍ਰੀਖਿਆ ਵਿਚ ਜਨਰਲ ਕੈਟਾਗਿਰੀ ਦੇ ਵਿਦਿਆਰਥੀਆਂ ਲਈ 55% ਅੰਕ ਅਤੇ ਰਾਖਵੀਆਂ ਕੈਟਾਗਿਰੀਆਂ ਦੇ ਵਿਦਿਆਰਥੀਆਂ ਲਈ 50% ਅੰਕ ਜਾਂ ਇਸ ਦੇ ਬਰਾਬਰ ਦਾ ਗਰੇਡ ਪ੍ਰਾਪਤ ਕੀਤਾ ਹੋਵੇ। ਵਿਦਿਆਰਥੀਆਂ ਦੇ ਦਾਖ਼ਲਾ ਫਾਰਮ ਸਕੂਲਾਂ ਵੱਲੋਂ ਸਿੱਖਿਆ ਵਿਭਾਗ ਦੇ ਪੋਰਟਲ www.epunjabschool.gov.in ਉੱਤੇ ਸਕੂਲ login ਅਧੀਨ ਮਿਤੀ 18.11.2021 ਤੋਂ ਮਿਤੀ 06.12.2021 ਤੱਕ ਭਰੇ ਜਾਣਗੇ।

ਇਸ ਪ੍ਰੀਖਿਆ ਲਈ ਪੂਰੀ ਜਾਣਕਾਰੀ ਸਰਵ ਸਿੱਖਿਆ ਅਭਿਆਨ ਦੀ ਵੈੱਬਸਾਈਟ www.ssapunjab.org.in ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

DPR/Pb/10074

**ਸਹੀ/- ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ।**